# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜਿਲ,ਬਲਾਕ.ਈ.ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ.ਨਗਰ (ਪੰਜਾਬ)ਵੱਲ

ਵੱਲ:

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.),

ਪੰਜਾਬ,

ਮੀਮੋ ਨੰ. 361853/190-194

ਮਿਤੀ:ਐੱਸ.ਏ.ਐੱਸ. ਨਗਰ/ 15 .06.2026

**ਵਿਸ਼ਾ: Centrally Sponsored Scheme National Means-cum-Merit Scholarship (NMMSS) ਅਧੀਨ ਸੈਸ਼ਨ 2026-27 ਲਈ ਸਕੂਲ ਮੁੱਖੀਆਂ ਅਤੇ ਵਿਦਿਆਰਥੀਆਂ ਨੂੰ National Scholarship Portal (NSP) ਤੇ ਵਜੀਫੇ ਲਈ ਅਪਲਾਈ ਕਰਨ ਲਈ ਪੋਰਟਲ ਖੁੱਲਣ ਸਬੰਧੀ।**

I.ਉਪਰੋਕਤ ਵਿਸ਼ੇ ਸਬੰਧੀ ਦੱਸਣਯੋਗ ਹੈ ਕਿ ਵਿੱਚ ਨੈਸ਼ਨਲ ਸਕਾਲਰਸ਼ਿਪ ਪੋਰਟਲ )NSP) ਮਿਤੀ 01.06.2026 ਤੋਂ ਖੁੱਲ ਗਿਆਂ ਹੈ। ਜਿਸ ਦਾ ਵੇਰਵਾ ਨਿਮਨ ਅਨੁਸਾਰ ਹੈ:

| Scheme Name | Scheme open from | Student Application open till date | Institute Verification open till date | Defective Application Verification Open till date | District Verification open till date |
|---|---|---|---|---|---|
| National Means-cum-Merit Scholarship (NMMSS) | 01.06.2026 | 31.08.2026 | 15.09.2026 | 15.09.2026 | 30.09.20 |

II.ਇਸ ਪੱਤਰ ਅਨੁਸਾਰ ਵਿੱਦਿਅਕ ਸੈਸ਼ਨ 2026-27 ਲਈ ਨਿਮਨ ਦਰਸਾਈਆਂ ਕਲਾਸਾਂ ਅਤੇ ਸਾਲ ਜਿਸ ਵਿੱਚ NMMSS ਪ੍ਰੀਖਿਆ ਪਾਸ ਕੀਤੀ ਗਈ ਸੀ ਦੇ ਵਿਦਿਆਰਥੀ ਨਿਰਧਾਰਿਤ ਸ਼ਰਤਾਂ ਅਧੀਨ ਰਜਿਸਟ੍ਰੇਸ਼ਨ ਕਰ ਸਕਦੇ ਹਨ:-

- Class -IX of project year 2026-27 (NMMSS exam held on Jan. 2026)
- Class-X of project year 2025-26 (NMMSS exam held on Feb. 2025)
- Class-XI of the project year 2024-25 (NMMSS exam held on March 2024)
- Class -XII of the project year 2023-24 (NMMSS exam held on Feb. 2023)

III.ਉਕਤ NMMSS ਸਕੀਮ ਲਈ ਨੈਸ਼ਨਲ ਸਕਾਲਰਸ਼ਿਪ ਪੋਰਟਲ )NSP) ਸਬੰਧੀ ਵਿਦਿਆਰਥੀਆਂ ਲਈ ਹਦਾਇਤਾਂ।

1. ਉਕਤ ਦਰਸਾਏ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਨਾਲ ਲਿੰਕ ਹੋਣੇ ਚਾਹੀਦੇ ਹਨ।

2.ਵਿਦਿਆਰਥੀਆਂ ਵੱਲੋਂ ਨਵੀਂ ਰਜਿਸਟ੍ਰੇਸ਼ਨ ਤਹਿਤ ਅਪਲਾਈ ਕਰਨਾ ਹੈ ਇਨ੍ਹਾਂ ਵਿਦਿਆਰਥੀਆਂ ਵੱਲੋਂ National Scholarship Portal (NSP) ਤੇ ਆਪਣੇ ਆਪ ਨੂੰ ਰਜਿਸਟਰ ਕਰਨ ਲਈ "New Registration" ਤੇ ਜਾ ਕੇ "login to apply" click ਕਰਨਾ ਪਵੇਗਾ । ਇਨ੍ਹਾਂ ਵਿਦਿਆਰਥੀਆਂ ਨੂੰ ਅਪਲਾਈ ਕਰਨ ਸਮੇਂ "NMMSS Roll No." ਭਰਨਾ ਜ਼ਰੂਰੀ ਹੋਵੇਗਾ।

3.ਵਿਦਿਆਰਥੀਆਂ ਵੱਲੋਂ National Scholarship Portal (NSP) ਤੇ ਅਪਲਾਈ ਕਰਨ ਸਮੇਂ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਸਾਰੇ details ( ਜਿਵੇਂ ਕਿ ਵਿਦਿਆਰਥੀ ਦਾ ਨਾਂ , ਰੋਲ ਨੰਬਰ , ਪਿਤਾ/ਮਾਤਾ ਦਾ ਨਾਂ , ਬੈਂਕ ਖਾਤੇ ਵਿੱਚ ਵਿਦਿਆਰਥੀ ਦਾ ਨਾਂ , ਆਧਾਰ ਕਾਰਡ ਵਿੱਚ ਵਿਦਿਆਰਥੀ ਦਾ ਨਾਂ ਆਦਿ ਪੂਰੀ ਤਰ੍ਹਾਂ NMMS S-2025 ਦੇ ਰਿਜ਼ਲਟ ਨਾਲ ਮਿਲਾਨ ਹੋਣੇ ਚਾਹੀਦੇ ਹਨ । ਇਸ ਤੋਂ ਇਲਾਵਾ ਵੈਰੀਫਿਕੇਸ਼ਨ ਲਈ ਵਿਦਿਆਰਥੀ ਆਧਾਰ ਕਾਰਡ ਜਾਂ ਬੈਂਕ ਖ਼ਾਤੇ ਦੋਨ੍ਹਾਂ ਵਿੱਚੋਂ ਉਸ Option click ਕਰੇਗਾ, ਜਿਸ option ਨਾਲ ਵਿਦਿਆਰਥੀ ਦੀ details , NMMSS- 2025 ਦੇ ਰਿਜਲਟ ਨਾਲ ਪੂਰੀ ਤਰ੍ਹਾਂ match ਕਰਦੇ ਹੋਣ।

4.ਰੀਨਿਊਲ ਵਿਦਿਆਰਥੀਆਂ ਨੂੰ ਨਵੀਂ ਰਜਿਸਟ੍ਰੇਸ਼ਨ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਇਨ੍ਹਾਂ ਵਿਦਿਆਰਥੀਆਂ ਵੱਲੋਂ ਪੁਰਾਣੀ ਰਜਿਸਟ੍ਰੇਸ਼ਨ ਆਈ. ਡੀ. ਅਤੇ password ਨਾਲ ਹੀ ਅਪਲਾਈ ਕੀਤਾ ਜਾਣਾ ਹੈ । password ਭੁੱਲਣ ਦੀ ਸੂਰਤ ਵਿੱਚ password reset ਕੀਤਾ ਜਾ ਸਕਦਾ ਹੈ।

5.ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ ਅਪਲਾਈ ਕਰਨ ਵੇਲੇ "Pre-matric Scholarship Scheme" ਅਤੇ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ "Post-matric Scholarship Scheme" option select ਕਰਨਾ ਹੋਵੇਗਾ।

6.ਵਿਦਿਆਰਥੀਆਂ ਵੱਲੋਂ ਨਵੀ ਰਜਿਸਟ੍ਰੇਸ਼ਨ ਕਰਦੇ ਸਮੇਂ ਭਰਿਆ ਗਿਆ ਫੋਨ ਨੰਬਰ ਚਾਰ ਸਾਲਾਂ ਤੱਕ (ਨੌਵੀ ਤੋਂ ਬਾਰਵੀਂ ) ਨਾ ਬਦਲਿਆ ਜਾਵੇ ਤਾਂ ਕਿ student Id Login ਕਰਦੇ ਸਮੇਂ OTP ਉਸੇ ਨੰਬਰ ਤੇ ਆ ਜਾਵੇ।

**IV. NMMSS ਸਕੀਮ ਲਈ National Scholarship Portal ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿੱ. ਜ਼ਿਲ੍ਹਾ ਨੋਡਲ ਅਫਸਰ (NMMSS) ਅਤੇ ਸਕੂਲ ਮੁੱਖੀਆਂ ਲਈ ਹਦਾਇਤਾਂ:-**

1.ਸਮੂਹ ਸਕੂਲ ਮੁੱਖੀ ਇਸ ਸਕੀਮ ਸਬੰਧੀ ,ਸਾਲ 2026-27 ਦੇ ਰਜਿਸਟ੍ਰੇਸ਼ਨ ਫਾਰਮ ਲਈ National Scholarship Portal ਤੇ ਅਪਲਾਈ ਕਰਨ ਲਈ ਸਾਲ 2025-26 ਦੇ ID/Password ਦੀ ਹੀ ਵਰਤੋਂ ਕਰਨਗੇ । ਸਕੂਲ ਮੁੱਖੀ ਨੂੰ Password ਭੁੱਲਣ ਦੀ ਸੂਰਤ ਵਿੱਚ Reset Password ਤੇ ਕਲਿੱਕ ਕਰਕੇ ਦੋਬਾਰਾ ਤੋਂ Password ਪ੍ਰਾਪਤ ਕੀਤਾ ਜਾ ਸਕਦਾ ਹੈ।

2.ਸਕੂਲ ਮੁੱਖੀਆਂ ਵੱਲੋਂ ਉਨ੍ਹਾਂ ਵਿਦਿਆਰਥੀਆਂ ਨੂੰ ਹੀ National Scholarship Portal ਤੇ NMMSS ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ:-

3.ਜਿਨ੍ਹਾਂ ਦੇ ਮਾਤਾ/ਪਿਤਾ ਦੀ ਸਾਲਾਨਾ ਆਮਦਨ ਰੁਪਏ 3,50,000/- ਤੋਂ ਘੱਟ ਹੋਵੇ।

4.ਜਿਨ੍ਹਾਂ ਵਿਦਿਆਰਥੀਆਂ ਨੇ 10 ਵੀਂ ਅਤੇ 12 ਵੀਂ ਕਲਾਸ ਦੇ ਵਜੀਫੇ ਲਈ ਅਪਲਾਈ ਕਰਨਾ ਹੈ , ਉਨ੍ਹਾਂ ਦੇ ਕ੍ਰਮਵਾਰ 9 ਵੀਂ ਅਤੇ 11 ਵੀਂ ਕਲਾਸ ਵਿੱਚ ਘੱਟੋਂ-ਘੱਟ 55 % ਅੰਕ SC/ST ਵਿਦਿਆਰਥੀਆਂ ਲਈ 5 % ਅੰਕਾਂ ਦੀ ਛੋਟ ਪ੍ਰਾਪਤ ਕੀਤੇ ਹੋਣ।

5.ਜਿਨ੍ਹਾਂ ਵਿਦਿਆਰਥੀਆਂ ਨੇ 11 ਵੀਂ ਕਲਾਸ ਦੇ ਵਜੀਫੇ ਲਈ ਅਪਲਾਈ ਕਰਨਾ ਹੈ , ਉਨ੍ਹਾਂ ਦੇ 10 ਵੀਂ ਕਲਾਸ ਵਿੱਚ ਘੱਟੋਂ-ਘੱਟ 60 % ਅੰਕ, SC/ST ਵਿਦਿਆਰਥੀਆਂ ਲਈ 5 % ਅੰਕਾਂ ਦੀ ਛੋਟ ਹੋਵੇ।

6.ਵਿਦਿਆਰਥੀ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ/ ਲੋਕਲ ਬੋਡੀਜ ਸਕੂਲਾਂ ਵਿੱਚ ਰੈਗੂਲਰ ਤੌਰ ਤੇ ਪੜਦਾ ਹੋਣਾ ਚਾਹੀਦਾ ਹੈ।

7.ਜਿਨ੍ਹਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਨਾਲ ਲਿੰਕ ਹੋਣ ਅਤੇ ਵਿਦਿਆਰਥੀ ਦੇ ਨਾਂ ਤੇ ਹੋਣ।

8.ਅਜਿਹੇ ਸਕੂਲ ਜਿਹੜੇ NSP ਤੇ ਪਹਿਲਾ ਤੋਂ ਰਜਿਸਟਰ ਨਹੀਂ ਹਨ , ਉਨ੍ਹਾਂ ਸਕੂਲਾਂ ਦੇ ਸਕੂਲ ਮੁੱਖੀਆਂ ਵੱਲੋਂ NSP ਤੇ ਸਾਲ 2026-27 ਦੇ ਰਜਿਸਟ੍ਰੇਸ਼ਨ ਫਾਰਮ ਭਰਨ ਉਪਰੰਤ , ਉਸਦਾ ਪ੍ਰਿੰਟ ਆਊਟ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵਿਖੇ ਵੈਰੀਫਿਕੇਸ਼ਨ ਲਈ ਜਮ੍ਹਾਂ ਕਰਵਾਇਆ ਜਾਣਾ ਹੈ । ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿੱ.ਵੱਲੋਂ ਰਜਿਸਟ੍ਰੇਸ਼ਨ ਫਾਰਮ ਦੀ ਵੈਰੀਫਿਕੇਸ਼ਨ ਉਪਰੰਤ ਹੀ ਸਕੂਲ ਮੁੱਖੀ, National Scholarship Portal ਤੇ ਵਿਦਿਆਰਥੀਆਂ ਦੀਆਂ online applications ਵੈਰੀਫਾਈ ਅਤੇ approve ਕਰ ਸਕਣਗੇ ।

9.ਵਿਦਿਆਰਥੀਆਂ ਵੱਲੋਂ ਵਜ਼ੀਫੇ ਲਈ ਅਪਲਾਈ ਕੀਤੀਆਂ online applications ਨੂੰ ਵੈਰੀਫਾਈ ਅਤੇ approve ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ , ਸਕੂਲ ਮੁਖੀ ਦੁਆਰਾ ਵੈਰੀਫਾਈ ਅਤੇ approve ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵਜ਼ੀਫੇ ਲਈ ਯੋਗ ਨਹੀਂ ਹੋਵੇਗਾ , ਜਿਸਦੇ ਲਈ ਸਬੰਧਤ ਸਕੂਲ ਮੁੱਖੀ ਜ਼ਿੰਮੇਵਾਰ ਹੋਵੇਗਾ ।

10.Online applications ਸਕੂਲ ਮੁੱਖੀ ਦੁਆਰਾ ਵੈਰੀਫਾਈ ਅਤੇ approve ਕਰਨ ਉਪਰੰਤ, ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿੱ)/ਜ਼ਿਲ੍ਹਾ ਨੋਡਲ ਅਫਸਰ (NMMSS) ਵੱਲੋਂ ਵੈਰੀਫਾਈ ਅਤੇ approve ਕੀਤੀਆਂ ਜਾਣਗੀਆਂ । ਜ਼ਿਲ੍ਹਾ ਪੱਧਰ 'ਤੇ ਵੈਰੀਫਾਈ ਅਤੇ approve ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵਜ਼ੀਫੇ ਲਈ ਯੋਗ ਨਹੀਂ ਹੋਵੇਗਾ , ਜਿਸਦੀ ਜ਼ਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫਸਰ ਸੈਸਿੱ) /ਜ਼ਿਲ੍ਹਾ ਨੋਡਲ ਅਫਸਰ (NMMSS) ਦੀ ਹੋਵੇਗੀ।

11.ਸਮੂਹ ਸਕੂਲ ਮੁੱਖੀਆਂ , ਸਮੂਹ ਜ਼ਿਲ੍ਹਾ ਸਿੱਖਿਆ ਅਫਸਰਅਤੇ ਨੋਡਲ ਅਫਸਰ (NMMSS) ਨੂੰ ਹਦਾਇਤ ਕਰਨੀ ਬਣਦੀ ਹੈ ਕਿ ਉਹ ਆਪਣੇ ਪੱਧਰ ਦੀ ਵੈਰੀਫਿਕੇਸ਼ਨ ਅਤੇ approve ਨਾਲ-ਨਾਲ ਹੀ ਕਰਦੇ ਰਹਿਣ , ਆਖਰੀ ਮਿਤੀਆਂ ਦਾ ਇੰਤਜਾਰ ਨਾ ਕੀਤਾ ਜਾਵੇ।

12.ਸਕੂਲ ਮੁੱਖੀਆਂ , ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿੱ) ਅਤੇ ਸਮੂਹ ਜ਼ਿਲ੍ਹਾ ਨੋਡਲ ਅਫਸਰ (NMMSS) ਵੱਲੋਂ Online applications ਧਿਆਨ ਨਾਲ ਵੈਰੀਫਾਈ ਕਰਕੇ approve ਕੀਤੀਆਂ ਜਾਣ । ਜੇਕਰ ਕਿਸੇ ਪੱਧਰ ਤੇ ਕੋਈ fake application verify ਕੀਤੀ ਜਾਂਦੀ ਹੈ ਤਾਂ ਉਸਦੀ ਜ਼ਿੰਮੇਵਾਰੀ verifying authority ਦੀ ਹੋਵੇਗੀ ।

13.ਸਾਲ 2026-27 ਦੀ ਨੌਵੀਂ ਕਲਾਸ ਦੇ ਜਿਹੜੇ ਵਿਦਿਆਰਥੀ , NMMSS ਪ੍ਰੀਖਿਆ 2025 ਵਿੱਚ ਮੈਰਿਟ ਵਿੱਚ ਆਏ ਹਨ , ਦਾ ਡਾਟਾ National Scholarship Portal ਤੇ NMMSS ਅਧੀਨ , ਵੱਧ ਤੋਂ ਵੱਧ ਅਪਲੋਡ ਕਰਨ ਲਈ ਅਧਿਆਪਕਾਂ/ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ , ਕਿਉਂਕਿ ਇਸ ਸਕੀਮ ਅਧੀਨ ਵਿਦਿਆਰਥੀਆਂ ਨੂੰ 12,000/- ਸਲਾਨਾ ਭਾਵ 1000 ਰੁ: ਪ੍ਰਤੀ ਮਹੀਨਾ ਵਜ਼ੀਫਾ ਮਿਲਦਾ ਹੈ ।

14.NMMSS ਪ੍ਰੀਖਿਆ 2025 ਦੀ ਮੈਰਿਟ ਵਿੱਚ ਆਏ ਵਿਦਿਆਰਥੀ ਸਾਲ 2026-27 ਦੌਰਾਨ NSP ਅਪਲਾਈ ਕਰਦੇ ਸਮੇਂ NMMSS ਸਕੀਮ ਨੂੰ ਸਿਲੈਕਟ ਕੀਤਾ ਜਾਵੇ।

**V. ਸਾਲ 2026-27 ਲਈ New registration and renewal of applications ਲਈ ਹੇਠ ਲਿਖੇ ਅਨੁਸਾਰ ਕੰਮ ਕੀਤਾ ਜਾਣਾ ਹੈ:-**

1.Student registration/application) --- >School verification --- > District level verification --- > Submission on NSP --- > Sanction officer and PFMS --- > SBI, New Delhi --- > disbursement of Scholarship to Students by SBI, New Delhi

2.ਕਿਸੇ ਵੀ ਐਪਲੀਕੇਸ਼ਨ ਨੂੰ ਕਿਸੇ ਵੀ ਪੱਧਰ ਤੇ reject ਨਾ ਕੀਤਾ ਜਾਵੇ , ਕਿਉਂਕਿ rejected application ਨੂੰ revive ਨਹੀਂ ਕੀਤਾ ਜਾ ਸਕਦਾ।

3.ਜੇਕਰ ਕਿਸੇ application ਵਿੱਚ ਕਿਸੇ ਪੱਧਰ ਤੇ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਉਸ application ਨੂੰ defect ਕਰਕੇ , defect ਕਰਨ ਵਾਲੇ ਪੱਧਰ ਤੋਂ ਪਹਿਲੇ ਪੱਧਰ ਨੂੰ application ਦੋਬਾਰਾ ਤੋਂ ਰਜਿਸਟਰ ਕਰਨ ਸਬੰਧੀ ਸੂਚਿਤ ਕੀਤਾ ਜਾਵੇ।

ਉਪਰੋਕਤ ਹਦਾਇਤਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ ਅਤੇ ਇਹ ਵੀ ਧਿਆਨ ਰੱਖਿਆ ਜਾਵੇ ਕਿ NMMSS ਦੀ ਮੈਰਿਟ ਲਿਸਟ ਵਿੱਚੋਂ ਕੋਈ ਵੀ ਵਿਦਿਆਰਥੀ ਇਸ ਸਕੀਮ ਅਧੀਨ ਵਜ਼ੀਫੇ ਲਈ ਅਪਲਾਈ ਕਰਨ ਤੋਂ ਵਾਂਝਾ ਨਾ ਰਹਿ ਜਾਵੇ।

ਕਿਰਨ ਸ਼ਰਮਾ (ਪੀ.ਸੀ.ਐੱਸ.)

ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ

ਮੀਮੋ ਨੰ. 361853/190-194 ਮਿਤੀ: ਐੱਸ.ਏ.ਐੱਸ. ਨਗਰ, 15.06.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆਂ ਜਾਂਦਾ ਹੈ;

1. ਨਿ.ਸ./ਸਕੱਤਰ, ਸਕੂਲ ਸਿੱਖਿਆ ਪੰਜਾਬ।
2. ਨਿ.ਸ./ਸਪੈਸ਼ਲ ਸਕੱਤਰ, ਸਕੂਲ ਸਿੱਖਿਆ ਪੰਜਾਬ।
3. ਨਿ.ਸ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਨਿ.ਸ/ ਡਾਇਰੈਕਟੋਰੇਟ ਸਕੂਲ ਸਿੱਖਿਆ, ਪੰਜਾਬ।

ਕਿਰਨ ਸ਼ਰਮਾ (ਪੀ.ਸੀ.ਐੱਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ